
ੴ ਸਤਿਗੁਰਪ੍ਰਸਾਦਿ।

**ਇਹ ਲੇਖ ਭਾਈ ਸਾਹਿਬ ਜੀ ਦੀ ਰਚਿਤ ਪੁਸਤਕ 'ਗੁਰਮਤਿ ਪ੍ਰਕਾਸ਼' ਵਿਚੋਂ ਲਿਆ ਗਿਆ ਹੈ।**



# BHAI SAHIB BHAI RANDHIR SINGH JI

**(1878-1961)**

**Freedom fighter, Reformer, Scholar, Hero of Lahore conspiracy case and First prisoner of Gurudwara reform movement.**

Books of bhai sahib are available at:

**Bhai Sahib Randhir Singh Trust**
**23-G Sarabha Nagar, Ludhiana**
**Panjab**

# ੨੧

# *ਖ਼ਾਲਸਾਈ ਹਲੇਮੀ ਰਾਜ ਹੋ ਕੇ ਰਹੇਗਾ*

## ਸਤਿਗੁਰੂ ਕਲਗੀਧਰ ਜ਼ਾਹਰ ਜ਼ਹੂਰ ਤੇ ਹਾਜ਼ਰ ਨਾਜ਼ਰ ਹਨ

ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨਾ ਜਾਇ॥
ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ॥੧੩॥
ਸੂਹੀ ਮ: ੪ ਅਸਟ:, ਪੰਨਾ ੭੫੯

ਏਸ ਉਪਰਲੇ ਗੁਰਵਾਕ ਅਨੁਸਾਰ ਜਗਤ ਗੁਰੂ ਸ੍ਰੀ ਗੁਰੂ ਨਾਨਕ ਕਲਗੀਧਰ ਪਾਤਸ਼ਾਹ ਦਸਮੇਸ਼ ਗੁਰੂ ਸਦਾ ਸਦਾ ਹਾਜ਼ਰ ਹਜ਼ੂਰ ਜ਼ਾਹਰ ਜ਼ਹੂਰ ਸਭ ਮੇਂ ਭਰਪੂਰ ਸਾਖਸ਼ਾਤ ਨੂਰੋ ਨੂਰ ਹੈ। ਉਹ ਸਦਾ ਹਾਜ਼ਰ ਨਾਜ਼ਰ ਹੈ ਤੇ ਆਵਣ ਜਾਣ ਦੀ ਕੈਦ ਤੋਂ ਸਦਾ ਬਾਹਰ ਹੈ। "ਏਕਹਿ ਆਵਨ ਫਿਰਿ ਜੋਨਿ ਨ ਆਇਆ"* ਦੇ ਵਾਕ ਅਨੁਸਾਰ ਕੇਵਲ ਇਕ ਵਾਰ ਸਤਿਗੁਰੂ ਸੰਸਾਰ ਵਿਖੇ ਮਨੁੱਖ-ਜਾਮੇ ਵਿੱਚ ਅਵਤਾਰ ਧਾਰ ਕੇ ਆਇਆ ਤਾਂ ਕੇਵਲ "ਜੀਅ ਦਾਨੁ ਦੇ ਭਗਤੀ ਲਾਇਨਿ" ਨਮਿੱਤ ਸੱਚਾ ਪਰਉਪਕਾਰੀ ਬਣ ਕੇ ਆਇਆ। ਬਾਹੁੜ ਏਸ ਤਰ੍ਹਾਂ ਦੀ ਆਵਣ ਦੀ ਉਸ ਨੂੰ ਲੋੜ ਨਹੀਂ ਰਹੀ। ਜੋਤੀ ਜੋਤਿ ਸਮਾਇ ਕੇ ਉਹ ਅਬਿਨਾਸ਼ੀ ਪੁਰਖ ਹੀ ਰਿਹਾ। ਸਭ ਵਿਚ ਸਮਾਇ ਰਿਹਾ ਅਬਿਨਾਸ਼ੀ ਪੁਰਖ ਹੈ। ਸਦਾ ਹਾਜ਼ਰ ਨਾਜ਼ਰ ਅਬਿਨਾਸ਼ੀ ਪੁਰਖ ਹੈ। ਜੋਤਿ-ਜਾਮੇ ਵਿੱਚ ਪ੍ਰਗਟ ਹੋਇਆ ਅਨਿੰਨ ਸ਼ਰਧਾਲੂ ਗੁਰਮੁਖ ਜਨਾਂ ਨੂੰ ਦਿੱਬ ਦਰਸ਼ਨ ਦਿਖਾਇ ਕੇ ਨਿਹਾਲ ਨਿਹਾਲ ਕਰਨਹਾਰਾ ਹੈ। ਉਸ ਨੂੰ ਬਾਹੁੜ ਮਨੁੱਖ ਜਾਮਾ ਧਾਰਨ ਦੀ ਲੋੜ ਨਹੀਂ। ਮਨੁੱਖ ਜਾਮੇ ਵਿਚ ਮੁੜ ਅਵਤਾਰ ਧਾਰਨ ਦੀ ਲੋੜ ਨਹੀਂ। ਜਦੋਂ ਜਦੋਂ ਅਵਸਰ ਬਣਿਆ ਤਦੋਂ ਤਦੋਂ ਅਨਿੰਨ ਸ਼ਰਧਾਲੂ ਅਭਿਆਸੀ ਜਨਾਂ ਨੂੰ ਤਿਨ੍ਹਾਂ ਦੇ ਹਿਰਦਿਆਂ ਅੰਦਰ ਪ੍ਰਚੰਡ ਜੋਤਿ ਮਈ ਅਵਤਾਰ ਧਾਰ ਕੇ ਦਰਸ ਦਿਖਾਂਵਦਾ ਤੇ ਕਲਾ ਵਰਤਾਂਵਦਾ ਆਇਆ ਹੈ।

ਜੋਤੀ ਜੋਤਿ ਸਮਾਉਣ ਦੇ ਸਮੇਂ ਤੋਂ ਹੀ ਸਦਾ ਸਦਾ ਪਰਤੱਖ ਦੀਦਾਰ ਜਲਵੇ ਆਪਣੇ ਜਾਗਤ ਜੋਤਿ ਜਪਣਹਾਰ ਖ਼ਾਲਸ ਗੁਰਮੁਖ ਜਨਾਂ ਨੂੰ ਦਿਖਾਉਂਦਾ ਆਇਆ ਹੈ ਅਤੇ ਦਿਖਾਉਂਦਾ ਰਹੇਗਾ। ਮੁੜ ਮਨੁੱਖ ਜਾਮੇ ਅਵਤਾਰ ਧਾਰਨ ਦਾ, ਗੁਰੂ ਅਵਤਾਰ ਧਾਰਨ ਦਾ ਸਿਲਸਿਲਾ ਹੀ ਸ੍ਰੀ ਦਸਮੇਸ਼ ਜੀ ਨੇ ਮੁੱਕਾ ਦਿੱਤਾ। ਭੂਤ ਭਵਿੱਖ ਦੇ ਦਾਨੀ ਅੰਤਰਜਾਮੀ ਸ੍ਰੀ ਗੁਰੂ ਕਲਗੀਧਰ ਸਾਹਿਬ ਨੇ ਇਹ ਵਿਚਾਰ, ਕਿ ਕਲਜੁਗ ਵਿਖੇ ਅੱਗੇ ਨੂੰ "ਘਰ ਘਰ ਹੋਇ ਬੈਠ ਹੈਂ ਰਾਮਾ॥ ਜਾਂ ਤੇ ਸਰੇ ਨ ਕੋਊ ਕਾਮਾ"** ਵਾਲਾ ਵਰਤਾਰਾ ਜ਼ਰੂਰ ਵਰਤੇਗਾ, ਇਹ ਸਾਰਾ ਗੁਰੂ ਡੰਮ੍ਹ ਵਾਲਾ ਫਸਤਾ ਹੀ ਵੱਢ ਦਿੱਤਾ।

ਕਈ ਅਜਾਣ ਸਿੱਖ ਸੱਜਣ ਗੁਰੂ ਸਾਹਿਬ ਦੇ ਏਸ ਅਭਿੱਪਰੇ ਤੋਂ ਅਨਜਾਣ ਹੋਣ ਕਰਕੇ ਇਹ ਕਹਿੰਦੇ ਸੁਣੀਦੇ ਹਨ ਕਿ ਗੁਰੂ ਦਸਮ ਪਾਤਸ਼ਾਹ ਫੇਰ ਦੇਹ ਧਾਰ ਕੇ ਆਉਣਗੇ। ਇਹ ਸੁਣ ਕੇ ਅਫ਼ਸੋਸ ਹੁੰਦਾ ਹੈ ਕਿ ਸ੍ਰੀ ਗੁਰੂ ਦਸਮ ਪਾਤਸ਼ਾਹ ਨੇ ਜਿਤਨਾ ਸਾਨੂੰ ਦੇਹ-ਧਾਰੀ ਗੁਰੂ ਦੀ ਮਨੌਤ ਤੋਂ ਵਰਜਿਆ ਹੈ ਤੇ ਇਸ ਖ਼ਿਆਲ ਤੋਂ ਰੋਕਿਆ ਹੈ, ਉਤਨੀ ਹੀ ਇੱਲਤ ਵਾਲੀ ਬੀਮਾਰੀ ਸਾਡੇ ਵਿੱਚ ਦਿਨੋ ਦਿਨ ਜ਼ੋਰ ਨਾਲ ਵਧ ਰਹੀ ਹੈ ਅਤੇ ਆਏ ਦਿਨ ਇਹ ਸੁਣੀਦਾ ਹੈ ਕਿ ਅਮਕੇ ਦੇਹਧਾਰੀ ਗੁਰੂ ਨੇ ਫਲਾਣੀ ਥਾਂ ਅਵਤਾਰ ਧਾਰਿਆ ਹੈ ਤੇ ਫਲਾਣੇ ਸਮੇਂ ਗੁਰੂ ਸਾਹਿਬ ਦੇਹ ਧਾਰਨਗੇ, ਅਥਵਾ ਫਲਾਣਾ ਸੰਤ ਮਹਾਤਮਾ ਫਲਾਣੇ ਗੁਰੂ ਸਾਹਿਬ ਦਾ ਅਵਤਾਰ ਹੈ।

ਇਸ ਤਰ੍ਹਾਂ ਦੀਆਂ ਕੱਚ-ਘਰੜ ਖ਼ਿਆਲਾਂ ਵਾਲੀਆਂ ਗੱਲਾਂ ਗੁਰਮਤਿ ਤੋਂ ਵਿਰੁੱਧ ਤੇ ਸ੍ਰੀ ਦਸਮੇਸ਼ ਜੀ ਦੇ ਆਸ਼ੇ ਤੋਂ ਉਲਟ ਹਨ। ਪਰ ਏਸ ਤਰ੍ਹਾਂ ਦੀਆਂ ਗੱਲਾਂ ਉਪਜਦੀਆਂ ਉਨਾਂ ਨੂੰ ਹੀ ਹਨ ਜੋ ਗੁਰਮਤਿ ਨਾਮ ਅਭਿਆਸ ਕਮਾਈ ਤੋਂ ਸੱਖਣੇ ਮਨਮੁਖੀਏ ਹਨ।

ਜਿਨ੍ਹਾਂ ਗੁਰਸਿੱਖਾਂ ਦੇ ਘਟਾਂ ਅੰਦਰ ਗੁਰਮਤਿ ਨਾਮ ਦੀ ਅਭਿਆਸ ਕਮਾਈ ਦੁਆਰਾ ਗੁਰੂ ਜੋਤਿ ਦੇ ਪਰਤੱਖ ਪ੍ਰਕਾਸ਼ ਦੀ ਜ਼ਾਹਰ ਤੇ ਪਾਰਸ ਕਲਾ ਪਰਤੱਖ ਵਰਤੀ ਹੈ, ਤਿਨ੍ਹਾਂ ਨੂੰ ਗੁਰੂ ਹਰਦਮ ਹਾਜ਼ਰ ਨਾਜ਼ਰ ਦਿਸਦਾ ਹੈ। ਹਾਂ, ਘਟ ਵਧ ਅਭਿਆਸ ਕਮਾਈ ਅਨੁਸਾਰ ਕਿਤੇ ਲੁਕਣਮੀਟੀ ਜੋਤਿ-ਜਲਵੇ ਦਿਖਾਉਂਦਾ ਹੈ, ਕਿਤੇ ਸਦ ਵਿਗਾਸੀ ਦਰਸ਼ਨਾਂ ਦਾ ਮੀਂਹ ਵਰਸਾਉਂਦਾ ਹੈ। ਹਰ ਹਾਲਤ ਵਿੱਚ ਸ਼ਰਧਾਵਾਨ ਜੋਤਿ-ਵਿਗਾਸੀ-ਗੁਰਸਿੱਖਾਂ ਤਾਈਂ ਇਹ ਘਾਟਾ ਕਦੇ ਪ੍ਰਤੀਤ ਹੁੰਦਾ ਹੀ ਨਹੀਂ ਕਿ ਸਤਿਗੁਰੂ ਹਾਜ਼ਰ ਨਹੀਂ, ਜਾਂ ਹੈ ਨਹੀਂ। ਉਹ ਤਾਂ ਸਦਾ ਸਦਾ "ਸਤਿਗੁਰੁ ਮੇਰਾ ਸਦਾ ਸਦਾ" ਤਿਨ੍ਹਾਂ ਦੇ ਦਿੱਬ-ਦਰਸੀ-ਆਤਮ-ਨੈਣਾਂ ਨੂੰ ਨਜ਼ਰੀਂ ਆਉਦਾ ਹੈ। ਇੱਥੇ ਤਾਂ ਉਹ ਨਾਮ ਅਭਿਆਸੀ ਗੁਰਮੁਖ ਜਨ ਸਦਾ ਚੜ੍ਹਦੀ ਕਲਾ ਵਿੱਚ ਰਹਿੰਦੇ ਹਨ।

ਨਾਮ ਅਭਿਆਸ ਦੇ ਘਾਟੇ ਵਾਲਿਆ ਨੂੰ ਇਹ ਚੜ੍ਹਦੀ ਕਲਾ ਕਿਥੋ? ਉਹ ਤਾਂ ਘਟੀਆ ਖ਼ਿਆਲਾਂ ਦੀ ਨਿੱਘਰਦੀ ਕਲਾ ਵਿੱਚ ਹੀ ਸੜੀਅਲ ਜਨਮ ਬਿਤਾਉਂਦੇ ਹਨ। ਕਦੇ ਕਿਸੇ ਦਾ ਆਸਰਾ ਤੇ ਕਦੇ ਕਿਸੇ ਦੀ ਓਟ ਤਕਾਉਂਦੇ ਹਨ। ਪਰ ਆਪਣੇ ਨਿੱਜ ਅਸਲੇ ਵਲ ਨਹੀਂ ਆਉਂਦੇ।

ਸਭ ਤੋਂ ਬਹੁਤੀ ਨਿਰਾਸਤਾ ਵਾਲੀ ਗੱਲ ਹੈ ਤਾਂ ਇਹ ਕਿ ਸਦਾ ਆਪਣੇ ਖ਼ਾਲਸੇ ਨੂੰ ਪ੍ਰਚੰਡ ਕਲਾ ਜਾਗਦੀ ਜੋਤਿ ਦੇ ਚੜ੍ਹਦੇ ਰੰਗ ਵਿਚ ਰੱਖਣ ਵਾਲੇ ਸ੍ਰੀ ਦਸਮੇਸ਼ ਜੀ ਦੇ ਅਖਾਉਤੀ ਸਿੱਖ ਆਪਣੇ ਉੱਚ ਖ਼ਾਲਸਈ ਆਦਰਸ਼ਾਂ ਤੋਂ ਗੁਮਰਾਹ ਹੋ ਕੇ ਬੁੱਤ-ਪ੍ਰਸਤ ਮੱਤ-ਮਤਾਂਤ੍ਰ ਆਨਮਤੀ ਆਗੂਆਂ ਦੇ ਪੈਰੋਕਾਰ ਬਣਦੇ ਚਲੇ ਜਾ ਰਹੇ ਹਨ। ਜਿਸ ਦਾ ਸਿੱਟਾ ਇਹ ਹੋ ਰਿਹਾ ਹੈ ਕਿ ਸਤਿਗੁਰੂ ਦਸਮੇਸ਼ ਜੀ ਦਾ ਤੇਜ ਗੁਆ ਰਹੇ ਹਨ। ਬੜੇ ਤੋਂ ਬੜੇ ਪ੍ਰਸਿੱਧ ਆਗੂ ਕਹਾਉਣ ਵਾਲੇ ਵੀ ਅਸਲ ਅਸੂਲਾਂ ਉੱਤੇ ਦ੍ਰਿੜ ਨਹੀਂ ਰਹਿੰਦੇ। ਓਹਨਾਂ ਦਾ ਕੋਈ ਅਸੂਲ ਹੀ ਨਹੀਂ। ਇਕ ਅਸੂਲ ਨੂੰ ਬਣਾਉਂਦੇ ਹਨ ਤੇ ਇੱਕ ਅਸੂਲ ਨੂੰ ਢਾਹੁੰਦੇ ਹਨ। "ਰਾਜ ਕਰੇਗਾ ਖ਼ਾਲਸਾ ਆਕੀ ਰਹੇ ਨ ਕੋਇ" ਦੀਆਂ ਬੜ੍ਹਕਾਂ ਮਾਰਨ ਵਾਲੇ ਤੇ "ਪੰਥ ਕੀ ਜੀਤ" ਮਈ ਖ਼ਾਲਸਾ ਪੰਥ ਦੀ ਅੱਡਰੀ ਹਸਤੀ ਦੀਆ ਟਾਹਰਾਂ

ਛੱਡਣ ਵਾਲੇ ਵੀ ਅੱਜ ਹਾਰੇ ਹੋਏ ਪਾਲੇਟੀਸ਼ਨਰਾਂ (ਨੀਤੀਵਾਨਾਂ) ਤੇ ਕਮਜ਼ੋਰ ਮੰਗਤਿਆਂ ਵਾਂਗ "ਪੰਜਾਬੀ ਸੂਬੇ" ਦੀਆਂ ਮੰਗਾਂ ਮੰਗ ਰਹੇ ਹਨ। ਉਨ੍ਹਾਂ ਅੱਵਲ-ਪੰਥੀਆਂ ਦੀ ਨਿਰੋਲ ਪੰਥਕ ਨਿਰੋਲਤਾ ਜਨਾਉਣ ਵਾਲੀ ਟਾਹਰ ਕਿੱਥੇ ਗਈ? ਉਨ੍ਹਾਂ ਨੂੰ ਖ਼ਾਲਸਈ ਨਾਹਰਿਆਂ ਪਰ ਵਿਸ਼ਵਾਸ ਨਹੀਂ ਰਿਹਾ। "ਜਬ ਲਗ ਖ਼ਾਲਸਾ ਰਹੇ ਨਿਆਰਾ॥ ਤਬ ਲਗ ਤੇਜ ਦੀਉ ਮੈਂ ਸਾਰਾ"। ਵਾਲੇ ਸ੍ਰੀ ਮੁਖਵਾਕ ਪਰ ਭਰੋਸਾ ਨਹੀਂ ਰਿਹਾ। ਉਹ ਆਨਮਤੀ ਹਿੰਦੂਆਂ ਦੀ ਹਮਾਇਤ ਲੈਣ ਨੂੰ ਬੜਾ ਫਖ਼ਰ ਸਮਝਦੇ ਹਨ। ਉਹ ਹੁਣ ਫੇਰ ਮਿਲਗੋਭਾ ਹੋ ਕੇ ਮਲੀਆਮੇਟ ਹੋਣ ਉੱਪਰ ਲੱਕ ਬੰਨ੍ਹੀ ਖਲੋਤੇ ਹਨ ਤੇ ਏਸ ਗੁਰਮਤਿ-ਹੀਣੀ-ਗੱਲ ਨੂੰ ਜਤਾਉਣਾ ਬੜੀ ਬੀਰਤਾ ਭਰੀ ਸਿਆਣਪ ਸਮਝਦੇ ਹਨ ਕਿ ਸਿੱਖ ਹਿੰਦੂਆਂ ਵਿਚੋਂ ਹੀ ਨਿਕਲੇ ਹਨ। ਉਨ੍ਹਾਂ ਨੂੰ ਏਸ ਗੱਲ ਦੇ ਹਾਮੀ ਹੋਣ ਵਿਚ ਰੰਚਕ ਲੱਜਿਆ ਨਹੀਂ ਆਉਂਦੀ। ਉਨ੍ਹਾਂ ਨੂੰ ਏਸ ਗੱਲ ਦੀ ਪ੍ਰਤੀਤ ਨਹੀਂ ਆਉਦੀ ਕਿ ਖ਼ਾਲਸਾ ਕੌਮ ਦੀ ਸਿੱਖ ਜਨਤਾ ਗੁਰੂ ਨਾਨਕ ਸਾਹਿਬ ਦੀ ਕੁੱਖ ਵਿੱਚੋਂ ਹੀ ਨਿਕਲੀ ਹੈ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਗੋਦ ਵਿੱਚ ਪਲੀ ਹੈ। ਤਿਨ੍ਹਾਂ ਨੂੰ "ਸਿਰ ਊਪਰਿ ਠਾਢਾ ਗੁਰੁ ਸੂਰਾ"*** ਨਜ਼ਰ ਹੀ ਨਹੀਂ ਆਉਂਦਾ। ਤਿਨ੍ਹਾਂ ਦੇ ਕਾਰਜ ਕਿਥੋਂ ਤੇ ਕਦੋਂ ਪੂਰੇ ਹੋਣੇ ਹਨ ਤੇ ਕਿਵੇਂ ਪੂਰੇ ਹੋਣੇ ਹਨ?

ਸਤਿਗੁਰ ਤਿਨ੍ਹਾਂ ਦਾ ਹੀ ਸਹਾਈ ਹੁੰਦਾ ਹੈ, ਜੋ ਸਤਿਗੁਰੂ ਸੂਰਮੇ ਨੂੰ ਸਦਾ ਸੀਸ ਉੱਤੇ ਕਾਇਮ ਦਾਇਮ ਜਾਣਦੇ ਹਨ। ਤਿਨ੍ਹਾਂ ਚੜ੍ਹਦੀ ਕਲਾਂ ਵਾਲਿਆਂ ਸਿੰਘਾਂ ਸੂਰਮਿਆਂ ਦੇ ਸੀਸਾਂ ਉੱਤੇ ਛਿਆਨਵੇਂ ਕਰੋੜ ਗੁਰੂ ਕੀਆਂ ਗੁਪਤ ਸ਼ਹੀਦੀ ਫ਼ੌਜਾਂ ਸਾਵਧਾਨ ਹੋ ਕੇ ਸਦਾ ਪਹਿਰਾ ਦਿੰਦੀਆ ਹਨ। ਅਜਿਹੇ ਸੂਰਮੇ ਸਿੰਘਾਂ ਦੇ ਆਤਮੇ ਅੰਦਰ ਹੀ ਗੁਰੂ ਕੀ ਸੂਰਮਤਾ ਕਲਾ ਵਰਤਦੀ ਹੈ। ਅਜਿਹੇ ਕਲਾਧਾਰੀ ਸੂਰਮੇ ਸਿੰਘਾਂ ਅੰਦਰ ਗੁਰੂ ਨੇ ਆਪ ਵਰਤਣਾ ਹੈ। ਜਦੋਂ ਨੇੜੇ ਤੇੜੇ ਇਹ ਸਮਾਂ ਢੁੱਕ ਆਇਆ ਤੇ ਖ਼ਾਲਸਾ ਕੌਮ ਅੰਦਰ ਏਸ ਜ਼ਾਹਰੀ ਕਲਾ ਦਾ ਪਰਤੱਖ ਜ਼ਹੂਰ ਵਰਤ ਗਿਆ, ਉਸ ਛਿਨ ਅੰਦਰ ਤਤਕਾਲ ਹੀ ਖ਼ਾਲਸਈ ਹਲੇਮੀ ਰਾਜ ਹੋ ਜਾਏਗਾ, ਜ਼ਰੂਰ ਹੋਏਗਾ, ਹੋ ਕੇ ਰਹੇਗਾ। ਸਤਿਗੁਰੂ ਦਸਮੇਸ਼ ਜੀ ਦੀ ਜ਼ਾਹਰ ਕਲਾ ਵਰਤੇਗੀ। ਉਸ ਦਾ ਜ਼ਹੂਰ ਘਟ ਘਟ ਅੰਦਰ ਵਰਤੇਗਾ। ਇਉਂ ਗੁਰੂ ਅਵਤਾਰ ਧਾਰਨ ਦੇ ਤੱਤ ਆਦਰਸ਼ੀ ਅਰਥ ਜ਼ਹੂਰ ਪਜ਼ੀਰ ਹੋਣਗੇ।

❀ ❀ ❀ ❀ ❀

* ਗਉੜੀ ਬਾਵਨ ਅਖਰੀ ਮ: ੫, ਪਉੜੀ ੧੩, ਪੰਨਾ ੨੪੨

** ਕਲਕੀ ਅਵਤਾਰ, ੧੨-੪

*** ਗਉੜੀ ਸੁਖਮਨੀ ਮ: ੫, ॥੭॥ ਪੰਨਾ ੨੯੩